**FAQs (ਅਕਸਰ ਪੁੱਛੇ ਜਾਣ ਵਾਲੇ ਸਵਾਲ)**

## ਟਾਈਟਲ VI ਕੀ ਹੈ?

1964 ਦੇ ਸਿਵਿਲ ਰਾਈਟ ਐਕਟ ਦਾ ਟਾਈਟਲ VI ਇੱਕ ਸੰਘੀ ਕਨੂੰਨ ਹੈ ਜੋ ਸੰਘੀ ਸਹਾਇਤਾ ਪ੍ਰਾਪਤ ਕਰਨ ਵਾਲੇ ਪ੍ਰੋਗਰਾਮਾਂ, ਸੇਵਾਵਾਂ ਜਾਂ ਸਰਗਰਮੀਆਂ ਵਿੱਚ ਜਾਤੀ, ਰੰਗ ਜਾਂ ਰਾਸ਼ਟਰੀ ਮੂਲ ਦੇ ਆਧਾਰ 'ਤੇ ਹੋਣ ਵਾਲੇ ਮੱਤਭੇਦ ਤੋਂ ਲੋਕਾਂ ਦੀ ਰੱਖਿਆ ਕਰਦਾ ਹੈ।

## ਟਾਈਟਲ VI ਦੇ ਤਹਿਤ ਕਿਸ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ?

ਕੈਲਟ੍ਰੇਨ (SamTrans) ਦੀਆਂ ਸੇਵਾਵਾਂ ਤੱਕ ਪਹੁੰਚ ਕਰਨ ਵਾਲੀਆਂ ਸਵਾਰੀਆਂ ਅਤੇ ਗਾਹਕ ਟਾਈਟਲ VI ਦੇ ਤਹਿਤ ਸੁਰੱਖਿਅਤ ਹਨ। ਕੈਲਟ੍ਰੇਨ (SamTrans) ਟਾਈਟਲ VI ਦੇ ਤਹਿਤ ਆਪਣੀਆਂ ਨਿਯਾਮਕ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਘੱਟ ਆਮਦਨ ਵਾਲੇ, ਗੈਰ-ਅੰਗ੍ਰੇਜ ਲੋਕਾਂ ਅਤੇ ਅੰਗ੍ਰੇਜ਼ੀ ਦੀ ਸੀਮਿਤ ਕੁਸ਼ਲਤਾ ਵਾਲੇ ਲੋਕਾਂ ਵਾਸਤੇ ਆਪਣੀਆਂ ਸੇਵਾਵਾਂ ਅਤੇ ਸਰਗਰਮੀਆਂ ਤੱਕ ਅਰਥਪੂਰਨ ਪਹੁੰਚ ਯਕੀਨੀ ਕਰਨ ਵਾਸਤੇ ਵਚਨਬੱਧ ਹੈ। ਟਾਈਟਲ VI, ਅਮਰੀਕਾ ਵਿਖੇ ਸਾਰੇ ਵਿਅਕਤੀਆਂ ਦੀ ਸੁਰੱਖਿਆ ਕਰਦਾ ਹੈ, ਚਾਹੇ ਉਹ ਅਮਰੀਕੀ ਨਾਗਰਿਕ ਹੋਣ ਜਾਂ ਨਹੀਂ।

## ਟਾਈਟਲ VI ਕੈਲਟ੍ਰੇਨ (SamTrans) ਦੀਆਂ ਸਵਾਰੀਆਂ ਅਤੇ ਭਾਈਚਾਰਿਆਂ ਨੂੰ ਕਿਵੇਂ ਲਾਭ ਦਿੰਦਾ ਹੈ?

ਕੈਲਟ੍ਰੇਨ (SamTrans) ਆਪਣੇ ਗਾਹਕਾਂ ਨੂੰ ਉਹਨਾਂ ਦੀ ਮੁਢਲੀ ਭਾਸ਼ਾ ਵਿੱਚ ਅਰਥਪੂਰਨ ਸਹਾਇਤਾ ਪ੍ਰਦਾਨ ਕਰਦਾ ਹੈ। ਗਾਹਕ ਕਈ ਭਾਸ਼ਾਵਾਂ ਵਿੱਚ ਸਹਾਇਤਾ ਦੀ ਬੇਨਤੀ ਕਰਨ ਵਾਸਤੇ 1-800-660-4287 'ਤੇ ਕਾਲ ਕਰ ਸਕਦੇ ਹਨ।

ਕੈਲਟ੍ਰੇਨ (SamTrans) ਮੀਟਿੰਗਾਂ ਵਿਖੇ ਮੁਫ਼ਤ ਭਾਸ਼ਾ ਸਹਾਇਤਾ ਵੀ ਉਪਲਬਧ ਹੈ।

ਜੇਕਰ ਦੁਭਾਸ਼ੀਆ ਅਤੇ ਲਿਖਤੀ ਸਮੱਗਰੀ ਦੀ ਬੇਨਤੀ ਕਰ ਰਹੇ ਹੋ, ਤਾਂ ਕਿਰਪਾ ਕਰਕੇ ਈਵੈਂਟ ਤੋਂ ਘੱਟੋ-ਘੱਟ 72 ਘੰਟੇ ਪਹਿਲਾਂ TitleVI@samtrans.com ‘ਤੇ ਈਮੇਲ ਕਰੋ।